# ਆਪਣੇ ਸਥਾਨਕ ਲੀਗਲ ਏਡ (ਕਾਨੂੰਨੀ ਸਹਾਇਤਾ) ਦੇ ਦਫ਼ਤਰ ਜਾਓ ਜਾਂ ਫੋਨ ਕਰੋ।

| | |
|---|---|
| Abbotsford | 604-852-2141 |
| Campbell River | 778-336-9493 |
| Chilliwack | 604-793-7243 |
| Courtenay | 778-336-9493 |
| Dawson Creek | 250-782-7366 |
| Duncan | 250-746-1342 |
| Fort St. James | 250-570-8161 |
| Fort St. John | 250-785-8089 |
| Hazelton | 250-842-5218 ਜਾਂ 1-877-842-5218 |
| Kamloops | 250-314-1900 |
| Kelowna | 250-763-8613 |
| Nanaimo | 250-591-4396 |
| New Westminster | 604-498-2920 |
| Penticton | 250-493-7164 |
| Port Alberni | 250-724-5137 ਜਾਂ 1-877-724-0111 |
| Port Coquitlam | 604-408-2172 ਜਾਂ 1-866-577-2525 |
| Prince George | 250-564-9717 |
| Quesnel | 250-564-9717 |
| Richmond | 604-370-0094 |
| Salmon Arm | 250-545-3666 |
| Surrey | 604-498-2920 |
| Vancouver | 604-408-2172 ਜਾਂ 1-866-577-2525 |
| Vanderhoof | 250-570-8161 |
| Vernon | 250-545-3666 |
| Victoria | 250-382-4620 |
| Williams Lake | 250-267-9154 |

## ਨੋਟ

**legalaid.bc.ca**
'ਤੇ ਸੰਪਰਕ ਬਾਰੇ ਹੋਰ ਜਾਣਕਾਰੀ ਲਵੋ

ਇਹ ਪਤਾ ਲਗਾਉਣ ਲਈ ਕਿ ਤੁਸੀਂ ਕਿਹੜੀਆਂ ਸੇਵਾਵਾਂ ਲਈ ਯੋਗ ਹੋ, ਸਾਡੇ ਨਾਲ ਸੰਪਰਕ ਕਰੋ। ਕੁਝ ਸੇਵਾਵਾਂ ਲੈਣ ਲਈ, ਤੁਹਾਡੀ ਕਾਨੂੰਨੀ ਸਮੱਸਿਆ, ਲੀਗਲ ਏਡ (ਕਾਨੂੰਨੀ ਸਹਾਇਤਾ) ਦੇ ਨਿਯਮਾਂ ਦੇ ਅਧੀਨ ਆਉਣੀ ਜ਼ਰੂਰੀ ਹੈ ਅਤੇ ਤੁਹਾਡੇ ਲਈ ਵਿੱਤੀ ਸ਼ਰਤਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ।

**@legalaidbc**

ਕੋਸਟ ਸੈਲਿਸ਼ ਲੋਕਾਂ ਦੇ ਰਵਾਇਤੀ ਅਣਸੌਂਪੇ ਇਲਾਕਿਆਂ ਜਿਨ੍ਹਾਂ ਵਿੱਚ xʷməθkʷəy̓əm (Musqueam), Sḵwx̱wú7mesh (Squamish), ਅਤੇ səl̓ílwətaʔɬ/Selilwitulh (Tsleil-Waututh) ਨੇਸ਼ਨਾਂ ਦੇ ਇਲਾਕੇ ਸ਼ਾਮਲ ਹਨ, 'ਤੇ ਪ੍ਰਕਾਸ਼ਿਤ ਕੀਤਾ ਗਿਆ।

Legal Aid BC

Punjabi

# ਲੀਗਲ ਏਡ (ਕਾਨੂੰਨੀ ਸਹਾਇਤਾ) ਤੁਹਾਡੀ ਮਦਦ ਕਰ ਸਕਦੀ ਹੈ

(Legal aid can help you)



05/26

ਮੁਫ਼ਤ ਸੇਵਾਵਾਂ ਲਈ

# ਫੋਨ ਕਰੋ
# ਕਲਿੱਕ ਕਰੋ
# ਆਓ

## ਲੀਗਲ ਏਡ (ਕਾਨੂੰਨੀ ਸਹਾਇਤਾ) ਕੀ ਹੈ?

### ਜਾਣਕਾਰੀ

- ਲੀਗਲ ਏਡ (ਕਾਨੂੰਨੀ ਸਹਾਇਤਾ) ਤੋਂ ਸੇਵਾਵਾਂ ਲੈਣ ਵਾਲਿਆਂ ਲਈ ਮਿਲ ਕੇ ਅਤੇ ਫ਼ੋਨ ਰਾਹੀਂ ਸਹਾਇਤਾ
- ਲੀਗਲ ਏਡ (ਕਾਨੂੰਨੀ ਸਹਾਇਤਾ) ਦੇ ਸਲਾਹਕਾਰ (ਨੈਵੀਗੇਟਰ) ਸੇਵਾਵਾਂ ਲੈਣ ਵਾਲਿਆਂ ਨੂੰ ਕਾਨੂੰਨੀ ਸਿੱਖਿਆ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹਨ
- ਔਨਲਾਈਨ ਕਾਨੂੰਨੀ ਜਾਣਕਾਰੀ ਅਤੇ ਵਸੀਲੇ

### ਸਲਾਹ

- ਡਿਊਟੀ ਕੌਂਸਲ (ਵਕੀਲ) ਪਰਿਵਾਰ (ਫੈਮਿਲੀ), ਬਾਲ ਸੁਰੱਖਿਆ (ਚਾਇਲਡ ਪ੍ਰੋਟੈਕਸ਼ਨ), ਇਮੀਗ੍ਰੇਸ਼ਨ ਜਾਂ ਫੌਜਦਾਰੀ ਕਾਨੂੰਨ ਬਾਰੇ ਸਲਾਹ ਪ੍ਰਦਾਨ ਕਰਦੇ ਹਨ, ਅਤੇ ਅਦਾਲਤ ਵਿੱਚ ਕੁਝ ਪੇਸ਼ੀਆਂ ਵਿੱਚ ਮਦਦ ਕਰ ਸਕਦੇ ਹਨ।

> ਫੈਮਿਲੀ ਲਾਅ-ਲਾਈਨ ਪਰਿਵਾਰਕ ਅਤੇ ਬਾਲ ਸੁਰੱਖਿਆ (ਫੈਮਿਲੀ ਐਂਡ ਚਾਇਲਡ ਪ੍ਰੋਟੈਕਸ਼ਨ) ਬਾਰੇ ਇੱਕ ਪਰਿਵਾਰਕ ਵਕੀਲ ਤੋਂ ਫ਼ੋਨ 'ਤੇ ਮੁਫ਼ਤ ਸਲਾਹ ਪ੍ਰਦਾਨ ਕਰਦੀ ਹੈ। **604-408-2172** (ਗ੍ਰੇਟਰ ਵੈਨਕੂਵਰ) ਜਾਂ **1-866-577-2525** (ਬੀ ਸੀ ਵਿੱਚ ਕਿਤੇਂ ਵੀ) 'ਤੇ ਫ਼ੋਨ ਕਰੋ।

### ਪ੍ਰਤੀਨਿਧਤਾ

- ਜਦੋਂ ਤੁਹਾਡਾ ਕੋਈ ਗੰਭੀਰ ਪਰਿਵਾਰਕ (ਫੈਮਿਲੀ), ਬਾਲ ਸੁਰੱਖਿਆ (ਚਾਇਲਡ ਪ੍ਰੋਟੈਕਸ਼ਨ), ਫੌਜਦਾਰੀ, ਇਮੀਗ੍ਰੇਸ਼ਨ ਜਾਂ ਸ਼ਰਨਾਰਥੀ ਕਾਨੂੰਨ ਦਾ ਮਾਮਲਾ ਹੋਵੇ ਤਾਂ ਤੁਹਾਡਾ ਕੇਸ ਲੈਣ ਲਈ ਇੱਕ ਵਕੀਲ।

## ਮੈਨੂੰ ਕਿਹੜੀ ਸਹਾਇਤਾ ਮਿਲ ਸਕਦੀ ਹੈ?

ਇਹ ਤੁਹਾਡੀ ਕਾਨੂੰਨੀ ਸਮੱਸਿਆ ਅਤੇ ਤੁਹਾਡੀ ਆਮਦਨ 'ਤੇ ਨਿਰਭਰ ਕਰਦਾ ਹੈ।

### ਪਰਿਵਾਰ ਅਤੇ ਬਾਲ ਸੁਰੱਖਿਆ (ਫੈਮਿਲੀ ਐਂਡ ਚਾਇਲਡ ਪ੍ਰੋਟੈਕਸ਼ਨ) ਸਬੰਧੀ ਕਾਨੂੰਨ ਦੇ ਮਾਮਲੇ

- ਅਦਾਲਤ ਵਿੱਚ ਆਪਣਾ ਕੇਸ ਆਪ ਲੜਨ ਵਾਲੇ ਲੋਕਾਂ ਲਈ ਸਹਾਇਤਾ
- ਵੱਖ ਹੋਣ ਅਤੇ ਤਲਾਕ, ਪਾਲਣ-ਪੋਸ਼ਣ ਦਾ ਸਮਾਂ ਅਤੇ ਬੱਚਿਆਂ ਨਾਲ ਸੰਪਰਕ, ਮਾਪਿਆਂ ਦੀਆਂ ਜ਼ਿੰਮੇਵਾਰੀਆਂ, ਵਿੱਤੀ ਸਹਾਇਤਾ, ਅਤੇ ਪਰਿਵਾਰਕ ਕਾਨੂੰਨ ਅਤੇ ਬਾਲ ਸੁਰੱਖਿਆ (ਫੈਮਿਲੀ ਲਾਅ ਐਂਡ ਚਾਇਲਡ ਪ੍ਰੋਟੈਕਸ਼ਨ) ਨਾਲ ਸਬੰਧਿਤ ਹੋਰ ਸਮੱਸਿਆਵਾਂ ਲਈ ਕਾਨੂੰਨੀ ਸਲਾਹ ਜਾਂ ਪ੍ਰਤੀਨਿਧਤਾ (ਤੁਹਾਡਾ ਕੇਸ ਲੜਨਾ)
- ਪੇਰੈਂਟਸ ਲੀਗਲ ਸੈਂਟਰਜ਼ ਵਿਖੇ ਸਲਾਹ, ਪ੍ਰਤੀਨਿਧਤਾ ਅਤੇ ਸਹਾਇਤਾ
- ਜੇਕਰ ਤੁਸੀਂ ਪਰਿਵਾਰਕ ਹਿੰਸਾ ਦਾ ਸ਼ਿਕਾਰ ਹੋ ਰਹੇ ਹੋ ਤਾਂ ਫੈਮਿਲੀ ਲਾਅ ਸੈਂਟਰਜ਼ ਤੋਂ ਕਾਨੂੰਨੀ ਪ੍ਰਤੀਨਿਧਤਾ ਅਤੇ ਸਹਾਇਤਾ

### ਫੌਜਦਾਰੀ ਕਾਨੂੰਨ ਦੇ ਮਾਮਲੇ

- ਡਿਊਟੀ ਕੌਂਸਲ (ਵਕੀਲ) ਵੱਲੋਂ ਅਦਾਲਤ ਵਿੱਚ ਵਰਚੁਅਲੀ ਜਾਂ ਮਿਲ ਕੇ ਸਲਾਹ ਅਤੇ ਸਹਾਇਤਾ
- ਜ਼ਮਾਨਤ ਦੀ ਸੁਣਵਾਈ ਲਈ ਡਿਊਟੀ ਕੌਂਸਲ ਵੱਲੋਂ ਸਲਾਹ ਅਤੇ ਪ੍ਰਤੀਨਿਧਤਾ
- ਤੁਹਾਡੀ ਅਦਾਲਤੀ ਸੁਣਵਾਈ ਜਾਂ ਮੁਕੱਦਮੇ ਵਿੱਚ ਪ੍ਰਤੀਨਿਧਤਾ
- ਗ੍ਰਿਫ਼ਤਾਰ ਹੋਏ, ਹਿਰਾਸਤ ਵਿੱਚ ਲਏ ਗਏ, ਜਾਂ ਜਾਂਚ ਅਧੀਨ ਲੋਕਾਂ ਲਈ 24-ਘੰਟੇ ਫੋਨ ਲਾਈਨ ਤੱਕ ਪਹੁੰਚ

### ਜੇਲ੍ਹ ਦੇ ਕਾਨੂੰਨ ਅਤੇ ਮਾਨਸਿਕ ਸਿਹਤ ਦੇ ਮੁੱਦੇ

- ਕੁਝ ਜੇਲ੍ਹ ਦੇ ਕਾਨੂੰਨ ਦੇ ਮੁੱਦਿਆਂ ਲਈ ਅਤੇ ਕੁਝ ਉਨ੍ਹਾਂ ਲੋਕਾਂ ਲਈ, ਜਿਨ੍ਹਾਂ ਨੂੰ ਉਨ੍ਹਾਂ ਦੀ ਮਾਨਸਿਕ ਸਿਹਤ ਕਾਰਨ ਨਜ਼ਰਬੰਦ ਕੀਤਾ ਗਿਆ ਹੈ, ਲਈ ਮਦਦ

### ਇਮੀਗ੍ਰੇਸ਼ਨ ਅਤੇ ਸ਼ਰਨਾਰਥੀ ਮਾਮਲੇ

- ਉਨ੍ਹਾਂ ਲੋਕਾਂ ਲਈ ਸ਼ਰਨਾਰਥੀ ਕਲੇਮਾਂ ਅਤੇ ਗੈਰ-ਸ਼ਰਨਾਰਥੀ ਅਰਜ਼ੀਆਂ ਵਿੱਚ ਮਦਦ, ਜਿਨ੍ਹਾਂ ਨੂੰ ਜੇਕਰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜ ਦਿੱਤਾ ਜਾਂਦਾ ਹੈ ਤਾਂ ਉਨ੍ਹਾਂ ਨੂੰ ਤਸੀਹੇ ਦਿੱਤੇ ਜਾਣ, ਤਸ਼ੱਦਦ ਹੋਣ, ਜਾਂ ਗੰਭੀਰ ਅਣਉਚਿਤ ਨੁਕਸਾਨ ਜਾਂ ਬੁਰੇ ਸਲੂਕ ਦਾ ਖਤਰਾ ਹੋਵੇ।
- ਇਮੀਗ੍ਰੇਸ਼ਨ ਬਾਰੇ ਸਾਡੀ ਫ਼ੋਨ ਲਾਈਨ ਤੱਕ ਪਹੁੰਚ

## ਮੈਨੂੰ ਸਹਾਇਤਾ ਕਿਵੇਂ ਮਿਲ ਸਕਦੀ ਹੈ?

### ਲੀਗਲ ਏਡ (ਕਾਨੂੰਨੀ ਸਹਾਇਤਾ) ਲਈ ਅਰਜ਼ੀ ਦੇਣ ਲਈ ਫੋਨ ਕਰੋ

> ਆਪਣੇ ਸਥਾਨਕ ਦਫ਼ਤਰ ਨੂੰ ਇਸ ਦੇ ਪਿਛਲੇ ਪਾਸੇ ਲੱਭੋ, ਜਾਂ ਸਾਡੇ ਕਾਲ ਸੈਂਟਰ ਨਾਲ ਸੰਪਰਕ ਕਰੋ:
> **604-408-2172** (ਗ੍ਰੇਟਰ ਵੈਨਕੂਵਰ)
> **1-866-577-2525** (ਬੀ ਸੀ ਵਿੱਚ ਕਿਤੇਂ ਵੀ)

### ਜਾਣਕਾਰੀ ਲਈ ਕਲਿੱਕ ਕਰੋ

- **legalaid.bc.ca**

### ਹੇਠ ਲਿਖਿਆਂ ਵਿੱਚ ਸਹਾਇਤਾ ਲੈਣ ਲਈ ਆਓ

#### ਤੁਹਾਡਾ ਲੀਗਲ ਏਡ (ਕਾਨੂੰਨੀ ਸਹਾਇਤਾ) ਦਾ ਦਫ਼ਤਰ

- ਲੀਗਲ ਏਡ (ਕਾਨੂੰਨੀ ਸਹਾਇਤਾ) ਲਈ ਅਰਜ਼ੀ ਦਿਓ, ਜਾਂ ਹੋਰ ਕਿਸਮਾਂ ਦੀ ਸਹਾਇਤਾ ਬਾਰੇ ਪੁੱਛੋ (ਖੁੱਲ੍ਹੇ ਰਹਿਣ ਦੇ ਸਮੇਂ ਬਾਰੇ ਜਾਣਨ ਲਈ ਫੋਨ ਕਰੋ – ਇਸ ਦੇ ਪਿਛਲੇ ਪਾਸੇ ਜਾਂ **legalaid.bc.ca/locations**) 'ਤੇ ਫ਼ੋਨ ਨੰਬਰ ਵੇਖੋ)

#### ਤੁਹਾਡੀ ਅਦਾਲਤ

- ਡਿਊਟੀ 'ਤੇ ਤਾਇਨਾਤ ਵਕੀਲ ਤੋਂ ਸੰਖੇਪ ਸਲਾਹ ਪ੍ਰਾਪਤ ਕਰੋ। ਆਪਣੇ ਅਦਾਲਤੀ ਸਥਾਨ 'ਤੇ ਸੇਵਾਵਾਂ ਲੱਭਣ ਲਈ **legalaid.bc.ca/locations** ਦੇਖੋ
- ਕੁਝ ਅਦਾਲਤਾਂ ਵਿੱਚ ਲੀਗਲ ਏਡ (ਕਾਨੂੰਨੀ ਸਹਾਇਤਾ) ਲਈ ਅਰਜ਼ੀ ਦਿਓ

#### ਲੀਗਲ ਏਡ (ਕਾਨੂੰਨੀ ਸਹਾਇਤਾ) ਇਮੀਗ੍ਰੇਸ਼ਨ

> **604-601-6076** (ਗ੍ਰੇਟਰ ਵੈਨਕੂਵਰ)
> ਜਾਂ **1-888-601-6076** (ਬੀ ਸੀ ਵਿੱਚ ਕਿਤੇਂ ਵੀ) 'ਤੇ ਫੋਨ ਕਰੋ, ਜਾਂ ਵੈਨਕੂਵਰ ਲੀਗਲ ਏਡ (ਕਾਨੂੰਨੀ ਸਹਾਇਤਾ) ਦੇ ਦਫ਼ਤਰ ਜਾਓ।

### ਕਈ ਭਾਸ਼ਾਵਾਂ ਵਿੱਚ ਸੇਵਾਵਾਂ

- ਜਦੋਂ ਤੁਸੀਂ ਕਾਨੂੰਨੀ ਸਹਾਇਤਾ ਲਈ ਅਰਜ਼ੀ ਦਿੰਦੇ ਹੋ ਜਾਂ ਜਦੋਂ ਤੁਸੀਂ ਕਿਸੇ ਵਕੀਲ ਨਾਲ ਗੱਲ ਕਰਦੇ ਹੋ ਤਾਂ ਦੁਭਾਸ਼ੀਏ (ਜਾਂ ਲੋੜ ਪੈਣ 'ਤੇ ਅਨੁਵਾਦਕ) ਤੋਂ ਮਦਦ।